# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 16 ਅਕਤੂਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿੱਚ ਚੜ੍ਹਦੀ ਕਲਾ ਬ੍ਰਦਰਹੁੱਡ ਐਸੋਸੀਏਸ਼ਨ ਵੱਲੋਂ ਮਨੁੱਖਤਾ ਨੂੰ ਸਮਰਪਿਤ ਖੂਨਦਾਨ ਕੈਂਪ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਵੈਨਕੂਵਰ, 16 ਅਕਤੂਬਰ : ਚੜ੍ਹਦੀ ਕਲਾ ਬ੍ਰਦਰਹੁੱਡ ਐਸੋਸੀਏਸ਼ਨ ਵੱਲੋਂ ਮਨੁੱਖਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਰੀ ਵਿੱਚ ਦੂਜਾ ਖੂਨਦਾਨ ਕੈਂਪ ਲਾਇਆ ਗਿਆ। ਸਮਾਜਿਕ ਸੇਵਾ ਦੇ ਜਜ਼ਬੇ ਨਾਲ ਪ੍ਰੇਰਿਤ ਹੋਏ ਐਸੋਸੀਏਸ਼ਨ ਦੇ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਖੂਨ ਦਾਨ ਕੈਂਪ ਵਿੱਚ ਭਾਗ ਲਿਆ ਅਤੇ ਕੁੱਲ 20 ਮੈਂਬਰਾਂ ਨੇ ਖੂਨਦਾਨ ਕਰਕੇ ਜੀਵਨ ਬਚਾਉਣ ਦੀ ਮੁਹਿੰਮ ਵਿੱਚ ਯੋਗਦਾਨ ਪਾਇਆ।

ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਦਿਲਾਵਰੀ ਨੇ ਕਿਹਾ ਕਿ ਖੂਨਦਾਨ ਮਨੁੱਖਤਾ ਦੀ ਸਭ ਤੋਂ ਉੱਤਮ ਸੇਵਾ ਹੈ। ਉਨ੍ਹਾਂ ਕਿਹਾ ਕਿ ਹਰ ਸਿਹਤਮੰਦ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਖੂਨਦਾਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਣ ਦਾ ਸੌਖਾ ਤੇ ਸਭ ਤੋਂ ਕੀਮਤੀ ਤਰੀਕਾ ਹੈ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਸਮਾਜ ਭਲਾਈ ਦੇ ਲਗਾਤਾਰ ਉਪਰਾਲਿਆਂ ਤਹਿਤ ਇਹ ਐਸੋਸੀਏਸ਼ਨ ਵੱਲੋਂ ਦੂਜਾ ਖੂਨਦਾਨ ਕੈਂਪ ਸੀ। ਮਾਰਚ ਮਹੀਨੇ ਵਿੱਚ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਤੀਜਾ ਖੂਨਦਾਨ ਕੈਂਪ ਲਾਉਣ ਦੀ ਤਿਆਰੀ ਵੀ ਜਾਰੀ ਹੈ।

ਇਸ ਪਵਿੱਤਰ ਮੁਹਿੰਮ ਦੌਰਾਨ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਮਾਨਕਟਲਾ, ਬਲਜੀਤ ਸਿੰਘ ਰਾਏ, ਲਖਬੀਰ ਗਰੇਵਾਲ, ਮਨਜੀਤ ਸਿੰਘ ਚੀਮਾ, ਸੰਦੀਪ ਧੰਜੂ, ਅਵਤਾਰ ਸਿੰਘ ਧਨੋਆ, ਹਰਵਿੰਦਰ ਸਿੰਘ, ਇੰਦਰਜੀਤ ਸਿੰਘ ਲੱਧੜ, ਦਮਨਦੀਪ ਸਿੰਘ, ਨਿਰੰਜਨ ਸਿੰਘ ਲਹਿਲ, ਬੁੱਧੀ ਕਪੂਰ, ਹਰਵਿੰਦਰ ਸਿੰਘ ਖਾਲਸਾ ਅਤੇ ਮਲਕੀਤ ਸਿੰਘ ਰੰਧਾਵਾ ਸਮੇਤ ਕਈ ਹੋਰ ਮੈਂਬਰ ਹਾਜ਼ਰ ਸਨ।

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਅਕਤੂਬਰ ਮਹੀਨੇ ਦੀ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ "

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਵਾਲੀਆ



ਬਰੈਂਪਟਨ 16 ਅਕਤੂਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਤੇ ਪ੍ਰਬੰਧਕੀ ਟੀਮ ਮੈਂਬਰਜ਼ ਵੱਲੋਂ 11 ਅਕਤੂਬਰ ਦਿਨ ਸ਼ਨੀਵਾਰ ਨੂੰ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਇਸ ਕਾਵਿ ਮਿਲਣੀ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਕਵੀਆਂ ਅਤੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ । ਇਸ ਕਾਵਿ ਮਿਲਣੀ ਦੇ ਹੋਸਟ ਸੰਸਥਾ ਦੇ ਸਰਪ੍ਰਸਤ ਸੁਰਜੀਤ ਕੌਰ ਜੀ ਸਨ ਜਿਹਨਾਂ ਦੀ ਹੋਸਟਿੰਗ ਬਹੁਤ ਹੀ ਕਾਬਿਲੇ ਸੀ । ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਿਹਾ ਤੇ ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਧਾਨ ਰਿੰਟੂ ਭਾਟੀਆ ਜੀ ਨੇ ਕੀਤੀ ਤੇ ਹਾਜ਼ਰੀਨ ਸੱਭ ਮੈਂਬਰਜ਼ ਨੂੰ ਰਸਮੀ ਜੀ ਆਇਆਂ ਕਹਿੰਦਿਆਂ ਹੋਇਆਂ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋਣ ਵਾਲੇ ਸਾਰੇ ਪ੍ਰੋਗਰਾਮਾਂ ਤੋਂ ਜਾਣੂ ਕਰਾਇਆ । ਰਿੰਟੂ ਜੀ ਨੇ ਪ੍ਰੋਗਰਾਮ ਦਾ ਆਗਾਜ਼ ਰਮਿੰਦਰ ਰੰਮੀ ਦੀ ਇੱਕ ਨਜ਼ਮ ( ਸੁਣ ਔਰਤ ) ਸੁਣਾ ਕੇ ਕੀਤਾ । ਉਹਨਾਂ ਦੀ ਪੇਸ਼ਕਾਰੀ ਕਮਾਲ ਦੀ ਸੀ । ਔਰਤਾਂ ਨੂੰ ਹਲੂਣਾ ਦਿੰਦੀ ਹੋਈ ਨਜ਼ਮ ਸੀ । ਹੋਸਟ ਸਰਪ੍ਰਸਤ ਸੁਰਜੀਤ ਕੌਰ ਜੀ ਨੇ ਸੱਭ ਮੈਂਬਰਜ਼ ਦਾ ਸਵਾਗਤ ਕਰਦੇ ਹੋਏ ਦੱਸਿਆ ਕਿ ਹੁਣ ਤੱਕ 5 ਸਾਲਾਂ ਵਿੱਚ ਕਾਵਿ ਮਿਲਣੀ ਪ੍ਰੋਗਰਾਮ ਵਿੱਚ 700 ਦੇ ਕਰੀਬ ਕਵੀ ਆ ਚੁੱਕੇ ਹਨ । ਇਹ ਰਮਿੰਦਰ ਰੰਮੀ ਦੀ ਮਿਹਨਤ ਤੇ ਹਿੰਮਤ ਹੈ । ਉਹਨਾਂ ਨੇ ਆਪਣੇ ਮਨ ਪਸੰਦ ਕਵੀ ਡਾ . ਹਰਭਜਨ ਸਿੰਘ ਜੀ ਦੀ ਰਚਨਾ ( ਹੇ ਮਹਾਨ ਜ਼ਿੰਦਗੀ , ਨਮਸਕਾਰ ਨਮਸਕਾਰ ) ਦੀਆਂ ਦੋ ਲਾਈਨਾਂ ਸੁਣਾ ਕੇ ਕਾਵਿ ਮਿਲਣੀ ਨੂੰ ਸ਼ੁਰੂ ਕੀਤਾ । ਮੁੱਖ ਮਹਿਮਾਨਾਂ ਤੇ ਸਾਰੇ ਹੀ ਵਿਸ਼ੇਸ਼ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਹਨਾਂ ਸੱਭ ਮੈਂਬਰਜ਼ ਨੂੰ ਕਾਵਿ ਮਿਲਣੀ ਰੂਲਜ਼ ਦੀ ਜਾਣਕਾਰੀ ਸਾਂਝੀ ਕੀਤੀ । ਸੱਭ ਤੋਂ ਪਹਿਲਾਂ ਡਾ . ਜਸਬੀਰ ਕੌਰ ਜੀ ਨੇ ਆਪਣੀ ਰਚਨਾ ( ਮਾਂ ਦੇ ਅਨੇਕਾਂ ਰੂਪ ਨੂੰ ਲੈ ਕੇ ) ਨੂੰ ਬਹੁਤ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ , ਫਿਰ ਕਾਰਿਆ ਪ੍ਰਭਜੋਤ ਨੇ ( ਹਾਂ ਮੈਂ ਤੇਰੇ ਜਿਹੀ ਨਹੀਂ ) ਬਹੁਤ ਭਾਵਪੂਰਤ ਰਚਨਾ ਪੇਸ਼ ਕੀਤੀ । ਫਿਰ ਰਾਜਿੰਦਰਪਾਲ ਕੌਰ ਸੰਧੂ ਜੀ ਨੇ ਅੱਜ ਦੇ ਹਾਲਾਤ ਤੇ ਬਹੁਤ ਦਿਲ ਟੁੰਬਵੀਂ ਰਚਨਾ ( ਐਸਾ ਗਿਆ ਝੰਬਿਆ ਪੰਜਾਬ ਸਹੇਲੀਓ ) ਨੂੰ ਪੇਸ਼ ਕੀਤਾ । ਪਰਜਿੰਦਰ ਕੌਰ ਕਲੇਰ ਜੀ ਨੇ ਆਪਣੀ ਬਹੁਤ ਪਿਆਰੀ ਗ਼ਜ਼ਲ ( ਮਨ ਵਿੱਚ ਖੋਟ ਜਿਹਨਾਂ ਦੇ ਹੋਵੇ ) ਨੂੰ ਖ਼ੂਬਸੂਰਤ ਅਵਾਜ਼ ਵਿਚ ਪੇਸ਼ ਕੀਤਾ । ਗੁਰਪ੍ਰੀਤ ਸਿੰਘ ਬੀੜ ਨੇ ( ਕਿਤੇ ਦਿਲੋਂ ਨਾ ਭੁਲਾ ਦਿਉ ਮਾਂ ਬੋਲੀ ਪੰਜਾਬੀ ਵੀਰ ਨੂੰ ) ਬਹੁਤ ਖ਼ੂਬਸੂਰਤ ਸ਼ਬਦਾਂ ਵਿਚ ਪੇਸ਼ ਕੀਤਾ । ਅੰਜੂ ਗਰੋਵਰ ਜੀ ਨੇ ਆਪਣੀ ਬਹੁਤ ਪਿਆਰੀ ਗ਼ਜ਼ਲ ( ਹਰ ਵੇਲੇ ਵੀ ਹਰ ਨਹੀਂ ਹੁੰਦਾ ) ਨੂੰ ਪਿਆਰੇ ਅੰਦਾਜ਼ ਵਿੱਚ ਪੇਸ਼ ਕੀਤਾ । ਕੁਲਦੀਪ ਚਿਰਾਗ਼ ਨਾਮਵਰ ਗ਼ਜ਼ਲਗੋ ਨੇ ( ਇਹ ਐਵੇਂ ਨਾ ਮੇਰੇ ਲੇਖਾਂ ਚ ਆਈ ਹੈ ਮੁਹੱਬਤ ) ਬਹੁਤ ਖ਼ੂਬਸੂਰਤ ਅਵਾਜ਼ ਵਿੱਚ ਪੇਸ਼ ਕੀਤਾ । ਡਾ . ਰਣਜੋਧ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਤੇ ਲਿਖੀ ਵਾਰ ਨੂੰ ਬਹੁਤ ਜੋਸ਼ੀਲੀ ਅਵਾਜ਼ ਤੇ ਅੰਦਾਜ਼ ਨਾਲ ਪੇਸ਼ ਕੀਤਾ , ਜਿਸਨੂੰ ਸੱਭ ਨੇ ਸਲਾਹਿਆ ।ਸਤਬੀਰ ਸਿੰਘ ਨੇ ਆਪਣੀ ਨਜ਼ਮ ( ਭਰੋਸਾ ਨਹੀਉਂ ਜ਼ਿੰਦਗੀ ਦਾ , ਇਕ ਪੱਲ ਹੈ ਕਿ ਛਿਨ ਹੈ ) ਪੇਸ਼ ਕੀਤਾ , ਇਹ ਦੱਸਿਆ ਕਿ ਸਾਡੀ ਜ਼ਿੰਦਗੀ ਦੀ ਅਸਲ ਸਚਾਈ ਇਹੀ ਹੈ । ਮੁੱਖ ਮਹਿਮਾਨ ਸ . ਪਰਮਜੀਤ ਸਿੰਘ ਢਿੱਲੋਂ ਜੀ ਨੇ ਆਪਣਾ ਬਹੁਤ ਮਨਪਸੰਦ ਗੀਤ ( ਪੱਥਰਾਂ ਵਰਗੇ ਸ਼ਹਿਰਾਂ ਆ ਕੇ ਪੱਥਰ ਹੋ ਗਏ ਹਾਂ ) ਆਪਣੀ ਮਿੱਠੀ ਅਵਾਜ਼ ਵਿੱਚ ਤਰੁੰਨਮ ਵਿੱਚ ਗਾ ਕੇ ਪੇਸ਼ ਕੀਤਾ । ਅੰਤ ਵਿੱਚ ਮੁੱਖ ਮਹਿਮਾਨ ਪ੍ਰੋ. ਸੁਹਿੰਦਰ ਬੀਰ ਜੀ ਨੇ ਕਾਵਿ ਮਿਲਣੀ ਪ੍ਰੋਗਰਾਮ ਦਾ ਸ਼ਲਾਘਾ ਕਰਦਿਆਂ ਕਿਹਾ ਕਿ ਸੱਭ ਕਵੀਆਂ ਦੀਆਂ ਰਚਨਾਵਾਂ ਬਹੁਤ ਖ਼ੂਬਸੂਰਤ ਤੇ ਸੰਵੇਦਨਸ਼ੀਲ ਸਨ । ਉਹਨਾਂ ਆਪਣਾ ਗੀਤ ( ਦੁੱਖ ਮੇਰੇ ਸਾਹਾਂ ਵਿਚ ਉਮਰਾਂ ਨਿਭਾਉਣ ਨੀ ) ਤਰੁੰਨਮ ਵਿਚ ਬਹੁਤ ਖ਼ੂਬਸੂਰਤ ਅਵਾਜ਼ ਤੇ ਅੰਦਾਜ਼ ਵਿੱਚ ਪੇਸ਼ ਕੀਤਾ ਜਿਸਦੀ ਸੱਭਨੇ ਸਰਾਹੁਣਾ ਕੀਤੀ । ਸ. ਮਲੂਕ ਸਿੰਘ ਕਾਹਲੋਂ ਜੀ ਨੇ ਤੇ ਡਾ . ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਨੇ ਵੀ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹੋ ਰਹੇ ਪ੍ਰੋਗਰਾਮਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਤੁਸੀਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਵਧੀਆ ਕੰਮ ਕਰ ਰਹੇ ਹੋ । ਲਹਿੰਦੇ ਪੰਜਾਬ ਤੋਂ ਨਾਮਵਰ ਸੂਫ਼ੀ ਗਾਇਕ ਹੁਸਨੈਨ ਅਕਬਰ ਜੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਤੇ ਉਹਨਾਂ ਆਪਣੀ ਤੇ ਸੱਭ ਦੀ ਮਨਪਸੰਦ ( ਹੀਰ ) ਨੂੰ ਬਹੁਤ ਖ਼ੂਬਸੂਰਤ ਤੇ ਦਮਦਾਰ ਅਵਾਜ਼ ਵਿਚ ਪੇਸ਼ ਕੀਤਾ । ਆਖੀਰ ਵਿੱਚ ਚੇਅਰਮੈਨ ਸ : ਪਿਆਰਾ ਸਿੰਘ ਕੁੱਦੋਵਾਲ ਜੀ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਸਮਅੱਪ ਵੀ ਕੀਤਾ , ਉਹ ਬਹੁਤ ਸ਼ਿੱਦਤ ਨਾਲ ਨਿਠ ਕੇ ਸਾਰੇ ਪ੍ਰੋਗਰਾਮ ਨੂੰ ਸੁਣਦੇ ਹਨ ਤੇ ਫਿਰ ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਤੇ ਬਹੁਤ ਭਾਵਪੂਰਤ ਆਪਣੀਆਂ ਟਿੱਪਣੀਆਂ ਨੂੰ ਸਾਂਝੇ ਕਰਦੇ ਹਨ ।ਸ . ਪਿਆਰਾ ਸਿੰਘ ਕੁੱਦੋਵਾਲ ਨੇ ਹੁਸਨੈਨ ਅਕਬਰ ਦੀ ਸ਼ਾਇਰੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਦੀਵਾ ਆਪ ਜੀ ਵਰਗੇ ਦਾਨਿਸ਼ਵਰਾਂ ਨੇ ਜਗਾਉਣਾ ਹੈ । ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਹੁਣ ਤੱਕ ਜਿੰਨੇ ਸ਼ਾਇਰ 5 ਸਾਲਾਂ ਵਿੱਚ ਆ ਚੁੱਕੇ ਹਨ ਤੇ ਜੋ ਹੋਰ ਆਉਣ ਵਾਲੇ ਹਨ ਉਹਨਾਂ ਸੱਭਨਾਂ ਨੂੰ ਮੁਬਾਰਕਬਾਦ ਤੇ ਸ਼ੁੱਭ ਇੱਛਾਵਾਂ ਦਿੱਤੀਆਂ।ਉਹਨਾਂ ਨੇ ਇਹ ਕਿਹਾ ਕਿ ਅੱਜਕੱਲ ਕਵੀ ਦਰਬਾਰਾਂ ਵਿਚ ਕਵੀਆਂ ਨੂੰ ਮਾਣ ਸਤਿਕਾਰ ਕਿਉਂ ਨਹੀਂ ਦਿੱਤਾ ਜਾਂਦਾ , ਉਹਨਾਂ ਨੇ ਡਾ . ਹਰਭਜਨ ਸਿੰਘ ਜੀ ਦੀ ਰਚਨਾ ਦੇ ਹਵਾਲੇ ਨਾਲ ਉਸਦਾ ਜਵਾਬ ਕੁਝ ਇਸ ਤਰਾਂ ਦਿੱਤਾ ..... " ਮਿਲੀਏ ਤਾਂ ਮਿਲੀਏ ਕਿਸ ਥਾਵੇਂ ,ਨਾ ਅਸੀਂ ਧੁੱਪੇ ਨਾ ਛਾਵੇਂ। ਨਾ ਮਨ ਵਿਚ ਵਿਸ਼ਵਾਸ ਪੁਰਾਣਾ ,ਨਵਾਂ ਕੋਈ ਧਰਵਾਸ ਨਾ ਜਾਣਾ " ।ਉਹਨਾਂ ਕਿਹਾ ਸਾਨੂੰ ਸ਼ਾਇਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ । ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਨਾਮਵਰ ਲੇਖਕ ਡਾ . ਫ਼ਕੀਰ ਚੰਦ ਸ਼ੁਕਲਾ ਜੀ ਤੇ ਗੀਤਕਾਰ ਰਾਜਵੀਰ ਸਿੰਘ ਜਵੰਦਾ ਦੇ ਵਿਛੜ ਜਾਣ ਤੇ ਉਹਨਾਂ ਸਾਰੀ ਸਭਾ ਵੱਲੋਂ ਸ਼ਰਧਾਂਜਲੀ ਭੇਟ ਕੀਤੀ । ਉਹਨਾਂ ਕਿਹਾ ਕਿ ਅੱਜ ਦੇ ਕਵੀ ਦਰਬਾਰ ਵਿੱਚ ਕਵਿਤਾ , ਗੀਤ , ਗ਼ਜ਼ਲ ਅਤੇ ਵਾਰ ਕਾਵਿ ਵੀ ਹੋਇਆ ।ਉਹਨਾਂ ਦੱਸਿਆ ਕਿ ਸਾਰੇ ਕਵੀਆਂ ਦੀਆਂ ਰਚਨਾਵਾਂ ਬਹੁਤ ਪ੍ਰਭਾਵਸ਼ਾਲੀ ਤੇ ਸੰਵੇਦਨਸ਼ੀਲ ਸਨ । ਇਸ ਸਫ਼ਲ ਪ੍ਰੋਗਰਾਮ ਦੀ ਉਹਨਾਂ ਸੱਭ ਨੂੰ ਵਧਾਈ ਦਿੱਤੀ ਤੇ ਕਿਹਾ ਅਕਤੂਬਰ ਮਹੀਨੇ ਦੀ ਕਾਵਿ ਮਿਲਣੀ ਬਹੁਤ ਪ੍ਰਭਾਵਸ਼ਾਲੀ ਰਹੀ । ਉਹਨਾਂ ਨੇ ਸੱਭ ਮੈਂਬਰਜ਼ ਦਾ ਦਿਲੋਂ ਧੰਨਵਾਦ ਕੀਤਾ । ਧੰਨਵਾਦ ਸਹਿਤ ।

## ਗ਼ਜ਼ਲ ਮੰਚ ਸਰੀ ਦੀ 'ਸ਼ਾਇਰਾਨਾ ਸ਼ਾਮ–2025': ਕਾਵਿਮਈ ਸ਼ਬਦਾਂ ਨੇ ਰੂਹਾਂ ਨੂੰ ਛੂਹਿਆ, ਜਜ਼ਬਾਤ ਨੇ ਸਮੁੱਚਾ ਹਾਲ ਮਹਿਕਾ ਦਿੱਤਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 16 ਅਕਤੂਬਰ : ਸਰੀ ਆਰਟ ਸੈਂਟਰ ਵਿਖੇ ਬੀਤੇ ਐਤਵਾਰ ਸ਼ਾਮ ਹੋਈ ਗ਼ਜ਼ਲ ਮੰਚਸਰੀ ਦੀ ਸਾਲਾਨਾ ਸ਼ਾਇਰਾਨਾ ਸ਼ਾਮ–2025 ਨੇ ਸੈਂਕੜੇ ਸ਼ਾਇਰੀ-ਪ੍ਰੇਮੀਆਂ ਦੇ ਦਿਲਾਂ ਵਿੱਚ ਇਕ ਨਵੀਂ ਰੌਸ਼ਨੀ ਭਰ ਦਿੱਤੀ। ਤਾੜੀਆਂ ਦੀ ਗੂੰਜ ਤੇ ਸ਼ਬਦਾਂ ਦੀ ਖੁਸ਼ਬੂ ਨੇ ਮਿਲ ਕੇ ਹਾਲ ਵਿੱਚ ਅਜਿਹਾ ਕਾਵਿਕ ਮਾਹੌਲ ਸਿਰਜਿਆ ਜੋ ਸਿੱਧਾ ਸਰੋਤਿਆਂ ਦੀਆਂ ਰੂਹਾਂ ਤੱਕ ਉਤਰ ਗਿਆ।

ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਦਰਸ਼ਨ ਬੁੱਟਰ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਪਾਕਿਸਤਾਨ ਤੋਂ ਆਈ ਮਹਿਮਾਨ ਸ਼ਾਇਰਾ ਤਾਹਿਰਾ ਸਰਾ, ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸ਼ਾਇਰ ਅਜ਼ੀਮ ਸ਼ੇਖਰ, ਅਤੇ ਪੰਜਾਬੀ-ਉਰਦੂ ਦੇ ਨਾਮਵਰ ਸ਼ਾਇਰ ਦਸ਼ਮੇਸ਼ ਗਿੱਲ ਫਿਰੋਜ਼ ਨੇ ਕੀਤੀ। ਸਵਾਗਤੀ ਸੰਬੋਧਨ ਰਾਜਵੰਤ ਰਾਜ ਵੱਲੋਂ ਸੀ, ਜਿਸ ਨੇ ਮੰਚ ਦੀਆਂ ਸਰਗਰਮੀਆਂ ਦਾ ਖਾਕਾ ਪੇਸ਼ ਕਰਦਿਆਂ ਸਮਾਰੋਹ ਨੂੰ ਸ਼ਬਦਾਂ ਦੀ ਮਹਿਕ ਨਾਲ ਰੰਗ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਗ਼ਜ਼ਲ ਮੰਚ ਦੇ ਵਿਛੜੇ ਸ਼ਾਇਰ ਕ੍ਰਿਸ਼ਨ ਭਨੋਟ ਨੂੰ ਸਮਰਪਿਤ ਰਹੀ।

ਸਭ ਤੋਂ ਪਹਿਲਾਂ ਮਨਜੀਤ ਕੰਗ ਨੇ ਔਰਤ ਮਨ ਦੀ ਗਹਿਰਾਈਆਂ ਨੂੰ ਛੂਹਦਿਆਂ ਕਿਹਾ–

"ਲਾਲਾ ਦੁਪੱਟਾ ਲੈਂਦੀ ਹਾਂ ਮੈਂ, ਪਰ ਕੋਠੇ ਸੁੱਕਣਾ ਪਾਇਆ ਨਹੀਂ ਮੈਂ
ਹੱਸਦੀ ਹਾਂ ਤਾਂ ਜੱਗ ਜ਼ਾਹਰ ਹੈ, ਰੀਝਾਂ ਨੂੰ ਦਫ਼ਨਾਇਆ ਨਹੀਂ ਮੈਂ।"

ਨੌਜਵਾਨ ਸ਼ਾਇਰ ਨੂਰ ਬੱਲ ਨੇ ਛੋਟੀ ਬਹਿਰ ਦੀਆਂ ਗ਼ਜ਼ਲਾਂ ਨਾਲ ਦਰਸ਼ਕਾਂ ਨੂੰ ਮੋਹ ਲਿਆ, ਜਦਕਿ ਪੰਜਾਬ ਤੋਂ ਆਏ ਸੁਰੀਲੇ ਸ਼ਾਇਰ ਕਰਨਜੀਤ ਨੇ ਕਿਹਾ—

"ਭਟਕਦਾ ਹਾਂ ਜੇ ਰਾਤਾਂ ਨੂੰ ਤਾਂ ਇਹ ਕੋਈ ਸ਼ੌਂਕ ਨਹੀਂ ਮੇਰਾ,
ਕੋਈ ਹੁੰਦਾ ਉਡੀਕਣ ਨੂੰ ਤਾਂ ਮੈਂ ਵੀ ਘਰ ਗਿਆ ਹੁੰਦਾ।"

ਸ਼ਾਇਰਾ ਸੁਖਜੀਤ ਨੇ ਮਰਦ ਦੀ ਚੌਧਰ ਨੂੰ ਚੁਣੌਤੀ ਦਿੱਤੀ—

"ਰੱਬ ਨੇ ਮੈਨੂੰ ਔਰਤ ਬਣਾਇਆ, ਤੈਨੂੰ ਮਰਦ ਬਣਾਇਆ,
ਇਸ ਵਿੱਚ ਮੇਰੀ ਹੇਠੀ ਕੀ, ਕੀ ਤੇਰੀ ਵਡਿਆਈ ਹੂ।"

ਟੋਰਾਂਟੋ ਤੋਂ ਆਈ ਸ਼ਾਇਰਾ ਨੇ ਆਪਣਾ ਦਰਦ ਕੁਝ ਇਸ ਤਰਾਂ ਬਿਆਨ ਕੀਤਾ—

"ਬੜਾ ਕੁਝ ਹੈ ਮਨਾਂ ਅੰਦਰ, ਸਮਾਂ ਆਇਆ ਤਾਂ ਦੱਸਾਂਗੇ,
ਕਿਨ੍ਹਾਂ ਖੋਭੇ ਸੀ ਕਦ ਖੰਜਰ, ਸਮਾਂ ਆਇਆ ਤਾਂ ਦੱਸਾਂਗੇ।"

ਇੰਗਲੈਂਡ ਦੇ ਪ੍ਰਸਿੱਧ ਸ਼ਾਇਰ ਅਜ਼ੀਮ ਸ਼ੇਖਰ ਨੇ ਰੂਹ ਨੂੰ ਝੰਜੋੜ ਦਿੱਤਾ—

"ਤੂੰ ਕਰ ਤਕਸੀਮ, ਦੇਹ ਜ਼ਰਬ੍ਹਾਂ ਤੇ ਲੈ ਭਾਵੇਂ ਘਟਾ ਮੈਨੂੰ,
ਪਰ ਆਪਣੀ ਹੋਂਦ ਦਾ ਇੱਕ ਵਾਰ ਲੈ ਹਿੱਸਾ ਬਣਾ ਮੈਨੂੰ।"

ਕੈਲੀਫੋਰਨੀਆ ਦੇ ਸ਼ਾਇਰ ਕੁਲਵਿੰਦਰ ਦੀ ਆਵਾਜ਼ ਵਿਚ ਪਿਆਰ ਤੇ ਕਦਰ ਦਾ ਸੁਮੇਲ ਸੀ—

"ਤੁਹਾਡਾ ਸ਼ੁਕਰੀਆ ਮੈਨੂੰ ਬਚਾ ਲਿਆ ਹੈ ਤੁਸੀਂ,
ਮੈਂ ਬੁਝ ਗਿਆ ਸੀ ਤੇ ਮੁੜ ਕੇ ਜਗਾ ਲਿਆ ਹੈ ਤੁਸੀਂ।"

ਦਵਿੰਦਰ ਗੌਤਮ ਨੇ ਉਡੀਕ ਦੇ ਦਰਦ ਨੂੰ ਸ਼ਬਦਾਂ ਵਿਚ ਪ੍ਰੋਰਿਆ—

"ਚੰਗੀ ਭਲੀ ਜ਼ਮੀਨ ਮੈਂ ਬੰਜਰ ਬਣਾ ਲਈ,
ਤੇਰੀ ਉਡੀਕ ਕਰਦਿਆਂ ਵੱਤਰ ਗਵਾ ਲਈ।"

ਪਾਕਿਸਤਾਨ ਦੀ ਮਹਿਬੂਬ ਸ਼ਾਇਰਾ ਤਾਹਿਰਾ ਸਰਾ ਨੇ ਆਪਣੀਆਂ ਸ਼ਾਇਰੀ ਅਤੇ ਅਦਾਇਗੀ ਨਾਲ ਸਮੁੱਚੇ ਹਾਲ ਨੂੰ ਮੋਹ ਲਿਆ—

"ਜਾਹ ਨੀ ਪਿੱਛਲ ਪੈਰੀਏ ਸਾਹਿਬਾਂ! ਮਾਣ ਵਧਾਇਆ ਈ ਵੀਰਾਂ ਦਾ,
ਮੈਂ ਖ਼ਮਿਆਜ਼ਾ ਭੁਗਤ ਰਹੀ ਆਂ ਤੇਰੇ ਤੋੜੇ ਤੀਰਾਂ ਦਾ।"

ਉਰਦੂ ਅੰਦਾਜ਼ ਵਿਚ ਦਸ਼ਮੇਸ਼ ਗਿੱਲ ਫਿਰੋਜ਼ ਨੇ ਕਿਹਾ—

"ਮੈਂਨੇ ਘਰ ਭੀ ਜੋ ਬਣਾਇਆ ਤੋ ਬਿਨਾ ਦਰਵਾਜ਼ਾ,
ਲੋਗ ਖਿੜਕੀ ਭੀ ਬਨਾਤੇ ਹੈਂ ਸਲਾਖ਼ੋਂ ਵਾਲੀ।"

ਪ੍ਰੀਤ ਮਨਪ੍ਰੀਤ ਦਰਦ ਨੇ ਵਿਛੋੜੇ ਦੀ ਪੀੜ ਨੂੰ ਇਉਂ ਪੇਸ਼ ਕੀਤਾ-

"ਪੀੜ, ਉਦਾਸੀ, ਹਉਕੇ, ਹੰਝੂ, ਬਚੈਨੀ, ਲਾਚਾਰੀ
ਤੂੰ ਨਾ ਆਇਆ, ਪਰ ਇਹ ਸਾਰੇ ਆ ਗਏ ਵਾਰੋ ਵਾਰੀ।"

ਰਜਾਈਨਾ ਤੋਂ ਆਏ ਨੌਜਵਾਨ ਸ਼ਾਇਰ ਨੇ ਵੀ ਸਭ ਨੂੰ ਹੈਰਾਨ ਕਰ ਦਿੱਤਾ—

"ਧਰਤੀ ਗਗਨ ਵਿਚਾਲੇ ਆਪਣਾ ਮੁਕਾਮ ਕਰ ਕੇ,
ਬੱਦਲਾਂ ਨੇ ਰੱਖ ਲਿਆ ਸੂਰਜ ਗ਼ੁਲਾਮ ਕਰ ਕੇ।"

ਹਰਦਮ ਮਾਨ ਨੇ ਰੂਹਾਨੀ ਅਰਥਾਂ ਵਿੱਚ ਕਿਹਾ—

"ਮੁਸਾਫ਼ਰ ਨੂੰ ਤਾਂ ਦਿਸਦੀ ਸਿਰਫ਼ ਸੰਘਣੀ ਛਾਂ ਹੀ ਹੈ ਇਸ ਦੀ,
ਜੋ ਰੁੱਖ ਦੇ ਖਾਬ ਵਿਚ ਚਲਦੇ ਨੇ ਆਰੇ ਕੌਣ ਵੇਂਹਦਾ ਹੈ।"

ਦਰਸ਼ਨ ਬੁੱਟਰ ਨੇ ਆਪਣੀ ਗ਼ਜ਼ਲ ਨਾਲ ਮਨਾਂ ਨੂੰ ਝੰਜੋੜ ਦਿੱਤਾ—

"ਸ਼ੀਸ਼ੇ ਦੀ ਮੇਰੀ ਕਾਇਆ ਪਰ ਤੂੰ ਉਠਾਏ ਪੱਥਰ,
ਇੱਕ ਫੁੱਲ ਵਾਸਤੇ ਕਿਉਂ ਸੁੱਤੇ ਜਗਾਏ ਪੱਥਰ।"

ਬਲਦੇਵ ਸੀਹਰਾ ਨੇ ਜ਼ਿੰਦਗੀ ਦੀ ਵਿਡੰਬਨਾ ਉਜਾਗਰ ਕੀਤੀ—

"ਨ੍ਹੇਰਿਆਂ ਦੀ ਲੀਕ ਨੂੰ ਹੀ ਰੌਸ਼ਨੀ ਸਮਝੀ ਗਿਆ,
ਨਬਜ਼ ਚੱਲਣ ਨੂੰ ਮਹਿਜ਼ ਮੈਂ ਜ਼ਿੰਦਗੀ ਸਮਝੀ ਗਿਆ।"

ਇੰਦਰਜੀਤ ਧਾਮੀ ਨੇ ਆਪਣੇ ਵਿਸਮਾਦੀ ਰੰਗ ਵਿਚ ਮਾਹਯਲ ਰੰਗਿਆ। ਗੁਰਮੀਤ ਸਿੱਧੂ ਨੇ ਆਪਣੀ ਸੁਰੀਲੀ ਸ਼ਾਇਰੀ ਨਾਲ ਮਹਿਫ਼ਿਲ ਨੂੰ ਨਵੀਂ ਉਚਾਈ ਦਿੱਤੀ-

'ਮੈਂ ਸਤਰ ਸਤਰ ਨਿੱਖਰਾਂ ਤੇ ਸ਼ਬਦ ਸ਼ਬਦ ਬਿਖਰਾਂ
ਤੂੰ ਹਰਫ਼ ਹਰਫ਼ ਪੜ੍ਹ ਲੈ, ਖੁੱਲ੍ਹੀ ਕਿਤਾਬ ਹਾਂ ਮੈਂ'

ਸੰਚਾਲਕ ਰਾਜਵੰਤ ਰਾਜ ਨੇ ਬੇਹਦ ਸੁੰਦਰ ਅੰਦਾਜ਼ ਵਿਚ ਸ਼ਾਮ ਚਲਾਈ। ਉਸ ਦਾ ਅੰਦਾਜ਼ ਸੀ-

"ਉਹਨੇ ਗਿਣ ਕੇ ਬਰਾਬਰ ਦੇਣੀਆਂ ਸੀ ਓਨੀਆਂ ਪੀੜਾਂ,
ਕਿ ਮੇਰੀਆਂ ਮੁਸਕਰਾਹਟਾਂ ਦੀ ਕਰੀ ਗਿਣਤੀ ਗਿਆ ਕੋਈ।"

ਮੰਚ ਦੇ ਪ੍ਰਧਾਨ ਜਸਵਿੰਦਰ ਨੇ ਸਿਰਜੇ ਮਿਆਰਾਂ ਤੋਂ ਪਰ੍ਹੇ ਜਾਣ ਦੀ ਗੱਲ ਕੀਤੀ—

"ਸਵੇਰ ਸ਼ਾਮ ਗੁਜ਼ਾਰਿਸ਼ ਕਰਾਂ ਮੈਂ ਯਾਰਾਂ ਨੂੰ,
ਚਲੋ ਉਲੰਘੀਏ ਖ਼ੁਦ ਸਿਰਜਿਆਂ ਮਿਆਰਾਂ ਨੂੰ।"

ਦਰਸ਼ਨ ਬੁੱਟਰ ਨੇ ਆਪਣੇ ਪ੍ਰਧਾਨਗੀ ਸੰਬੋਧਨ ਵਿਚ ਕਿਹਾ ਕਿ ਗ਼ਜ਼ਲ ਮੰਚ ਸਰੀ ਦਾ ਹਰ ਮੈਂਬਰ ਉੱਚ ਪੱਧਰ ਦਾ ਸ਼ਾਇਰ ਹੈ ਅਤੇ ਸਰੀ ਦੇ ਸਰੋਤੇ ਮੁਬਾਰਕਬਾਦ ਦੇ ਹੱਕਦਾਰ ਹਨ ਕਿ ਉਹ ਸ਼ਾਇਰੀ ਨੂੰ ਸਿਰਫ਼ ਸੁਣਦੇ ਨਹੀਂ, ਸਹੀ ਮਾਇਨਿਆਂ ਵਿੱਚ "ਮਾਣਦੇ" ਹਨ। ਉਨ੍ਹਾਂ ਵਿਸ਼ਵ ਪੰਜਾਬੀ ਕਾਨਫਰੰਸ–ਮੁਹਾਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਗ਼ਜ਼ਲ ਮੰਚ ਸਰੀ ਦਾ ਸੈਸ਼ਨ ਅਜੇ ਵੀ ਲੋਕਾਂ ਦੇ ਦਿਲਾਂ ਵਿਚ ਗੂੰਜਦਾ ਹੈ। ਅੰਤ ਵਿੱਚ ਗ਼ਜ਼ਲ ਮੰਚ ਦੇ ਜਸਵਿੰਦਰ ਨੇ ਸਭ ਮਹਿਮਾਨਾਂ, ਸ਼ਾਇਰਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਸ਼ਬਦਾਂ ਦੀ ਇਹ ਸ਼ਾਮ ਕੇਵਲ ਸੁਣੀ ਨਹੀਂ ਗਈ, ਮਹਿਸੂਸ ਕੀਤੀ ਗਈ। ਜਦ ਸ਼ਬਦ ਰੂਹ ਨੂੰ ਛੂਹਣ ਲੱਗ ਪੈਂਦੇ ਹਨ, ਤਦ ਮਹਿਫ਼ਿਲ ਇਤਿਹਾਸ ਬਣ ਜਾਂਦੀ ਹੈ। ਇਸ ਮੌਕੇ ਗ਼ਜ਼ਲ ਮੰਚ ਵੱਲੋਂ ਸਾਰੇ ਸਪਾਂਸਰਾਂ ਅਤੇ ਮਹਿਮਾਨ ਸ਼ਾਇਰਾਂ ਦਾ ਸਨਮਾਨ ਕੀਤਾ ਗਿਆ। ਇੰਦਰਜੀਤ ਧਾਮੀ ਨੇ ਆਪਣੇ ਦੀ ਯਾਦ ਵਿਚ ਦਿੱਤਾ ਜਾਂਦਾ ਐਵਾਰਡ ਇਸ ਵਾਰ ਗ਼ਜ਼ਲ ਮੰਚ ਸਰੀ ਦੇ ਸ਼ਾਇਰ ਦਸ਼ਮੇਸ਼ ਗਿੱਲ ਫਿਰੋਜ਼ ਨੂੰ ਪ੍ਰਦਾਨ ਕੀਤਾ।

## ਰੌਸ਼ਨੀਆਂ ਦਾ ਤਿਉਹਾਰ



ਆਉ ਸਾਰੇ ਦੀਪ ਜਲਾਈਏ,
ਜਾਤ ਪਾਤ ਸਭ ਭੇਦ ਮਿਟਾ ਕੇ,
ਰੌਸ਼ਨੀਆਂ ਦਾ ਤਿਉਹਾਰ ਮਨਾਈਏ।

ਦੀਪ ਗਿਆਨ ਦਾ ਜਦੋਂ ਵੀ ਜਗਦਾ,
ਅੰਧਕਾਰ ਉਦੋਂ ਦੂਰ ਹੈ ਭੱਜਦਾ।

ਝੂਠ ਦੇ ਕਦੇ ਹੋਣ ਪੈਰ ਨਾ,
ਪਰ ਸੱਚ ਕੋਠੇ ਚੜ੍ਹ ਕੇ ਗੱਜਦਾ।

ਸਬਰ ਵਾਲਾ ਥੋੜ੍ਹਾ ਖਾ ਲੈਂਦਾ
ਪਰ ਲਾਲਚੀ ਕਦੇ ਨਾ ਰੱਜਦਾ

ਬੰਦੀ ਛੋੜ ਜਾ ਕਹੋ ਦੀਵਾਲੀ,
ਹੁੰਦੀ ਅੰਬਰਸਰ ਦੀ ਦੇਖਣ ਵਾਲੀ।

ਬਾਹਰ ਦੀਪ ਤਾਂ ਹਰ ਸਾਲ ਜਗਾਉਂਦੇ,
ਪਰ ਇਸ ਵਾਰ ਮਨ ਅੰਦਰ ਜਗਾਈਏ।

ਸਾਫ਼ ਵਾਤਾਵਰਨ ਵੀ ਬੜਾ ਜ਼ਰੂਰੀ
ਇਸ ਲਈ ਕੋਈ ਪਟਾਕਾ

ਨਾ ਚਲਾਉਣ ਦੀ,
ਸਾਰੇ ਮਿਲ ਕੇ ਸਹੁੰ ਅਸੀਂ ਖਾਈਏ।

ਪਟਾਕਿਆਂ ਦੇ ਨਾਲ ਪ੍ਰਦੂਸ਼ਣ ਹੁੰਦਾ,
ਇਹ ਗੱਲ ਹਰ ਇੱਕ ਨੂੰ ਸਮਝਾਈਏ।

ਪਟਾਕਿਆਂ ਦੀ ਜਗ੍ਹਾ ਬੂਟਾ ਲਾ ਕੇ,
ਪ੍ਰਦੂਸ਼ਣ ਮੁਕਤ ਦੀਵਾਲੀ ਮਨਾਈਏ।

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

## ਗੁਰੂਕੁਲ ਸਕੂਲ ਦੇ ਅਧਿਆਪਕਾਂ ਨੂੰ "ਗੁਰੂਕੁਲ ਸਟਾਰ ਐਵਾਰਡ" ਨਾਲ ਕੀਤਾ ਗਿਆ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 16 ਅਕਤੂਬਰ : ਅਧਿਆਪਕਾਂ ਦੀ ਮੁਹਾਰਤ, ਮਿਹਨਤ, ਲਗਨ ਅਤੇ ਯੋਗਦਾਨ ਨੂੰ ਪਛਾਣਦੇ ਹੋਏ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਲਈ ਇਲਾਕੇ ਦੀ ਨਾਮਵਰ ਸੰਸਥਾ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਿੱਚ *ਗੁਰੂਕੁਲ ਸਟਾਰ ਅਵਾਰਡ* ਪ੍ਰੋਗਰਾਮ ਦਾ ਆਯੋਜਨ ਕਰ ਕੇ ਇੱਕ ਵਿਲੱਖਣ ਤਰੀਕੇ ਨਾਲ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਸ਼ੁਰੂ ਵਿੱਚ ਸਕੂਲ ਦੇ ਮੁੱਖ ਪ੍ਰਬੰਧਕਾਂ ਵੱਲੋਂ ਅਧਿਆਪਕਾਂ ਨੂੰ ਪ੍ਰੇਰਿਤ ਕਰਨ ਲਈ ਵੱਖ -ਵੱਖ ਗਤੀਵਿਧੀਆਂ




ਕਰਵਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ। ਪਿਛਲੇ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਸਿਰਫ਼ ਅਧਿਆਪਕਾਂ ਨੂੰ ਹੀ ਨਹੀਂ ਬਲਕਿ ਸਕੂਲ ਵਿੱਚ ਕੰਮ ਕਰਨ ਵਾਲੇ ਹਰ ਵਰਗ ਦੇ ਕਰਮਚਾਰੀਆਂ ਨੂੰ ਵੱਖ-ਵੱਖ ਟੈਗ ਲਗਾ ਕੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ, ਜਿਸ ਵਿੱਚੋਂ ਐਮਪਲੋਈ ਆਫ਼ ਦਾ ਮੰਥ ਦੇ ਤੌਰ 'ਤੇ ਮੈਡਮ ਅਰਵਿੰਦਰ ਕੌਰ, ਮਿਸ ਸੁਹਾਨਾ ਨੂੰ ਟੈਗ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਮੋਸਟ ਐਕਟੀਵ ਟੀਚਰ ਦੇ ਤੌਰ 'ਤੇ ਡੀ.ਪੀ. ਸ਼੍ਰੀਮਾਨ ਭੂਪ ਚੰਦ ਨੂੰ ਟੈਗ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮੂਹ ਅਧਿਆਪਕਾਂ ਤੋਂ ਇਲਾਵਾ ਸਕੂਲ ਦੇ ਡਰਾਈਵਰ ਸ਼੍ਰੀ ਕਮਲਜੀਤ ਸਿੰਘ, ਸਹਾਇਕ ਸਟਾਫ਼ ਵਜੋਂ ਸ਼੍ਰੀਮਤੀ ਹਰਜਿੰਦਰਪਾਲ ਕੌਰ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰਲੇ ਪੜਾਅ 'ਤੇ ਸਕੂਲ ਦੇ ਸਮੂਹ ਟੀਚਿੰਗ ਸਟਾਫ਼ ਵਿੱਚੋਂ ਸਮਾਜਿਕ ਵਿਗਿਆਨ ਦੀ ਅਧਿਆਪਕਾ ਮੈਡਮ ਅਮਨਦੀਪ ਕੌਰ ਅਤੇ ਹਿਸਾਬ ਦੀ ਅਧਿਆਪਕਾ ਵਰਿੰਦਰਪਾਲ ਕੌਰ ਨੂੰ ਮੁੱਖ ਪ੍ਰਬੰਧਕਾਂ ਵੱਲੋਂ *ਗੁਰੂਕੁਲ ਸਟਾਰ ਐਵਾਰਡ* ਦਾ ਟੈਗ ਦਿੰਦੇ ਹੋਏ ਸਰਟੀਫਿਕੇਟ ਅਤੇ ਫਲਾਵਰ-ਪੋਟ ਭੇਟ ਕੀਤੇ ਗਏ। ਇਸ ਜਸ਼ਨ ਦੀ ਘੜੀ ਦੇ ਅੰਤ ਵਿੱਚ ਸਕੂਲ ਦੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਅੰਤ ਵਿੱਚ ਸਮੂਹ ਸਟਾਫ਼ ਵੱਲੋਂ ਖੁਸ਼ੀ ਜਾਹਰ ਕਰਦਿਆਂ ਇਸ ਵਿਲੱਖਣ ਢੰਗ ਨਾਲ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕਰਨ ਦੀ ਪਿਰਤ ਪਾਉਣ 'ਤੇ ਜਿੱਥੇ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ ਉੱਥੇ ਹੀ ਜੇਤੂ ਅਧਿਆਪਕਾਂ ਵੱਲੋਂ ਨਿੱਘੀ ਜਿਹੀ ਟੀ-ਪਾਰਟੀ ਦਾ ਇੰਤਜ਼ਾਮ ਕੀਤਾ ਗਿਆ। ਜਿਸ ਵਿੱਚ ਸਾਰੇ ਸਟਾਫ਼ ਨੇ ਸਕੂਲ ਮੁਖੀ ਨਾਲ ਬੈਠ ਕੇ ਇਕੱਠਿਆਂ ਚਾਹ ਦੇ ਕੱਪ ਸਾਂਝੇ ਕੀਤੇ ਅਤੇ ਇਸ ਖੁਸ਼ਨੁਮਾ ਮਾਹੌਲ ਦਾ ਅਨੰਦ ਮਾਣਿਆ।

## ਸੱਚ ਬੋਲਣਾ ਮਨ੍ਹਾ ਹੈ / ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਸਕੂਲ ਦੇ ਸਲਾਨਾ ਇਨਾਮ ਵੰਡ ਸਮਾਰੋਹ ਸਬੰਧੀ ਸਕੂਲ ਮੁਖੀ ਦੇ ਦਫਤਰ ਵਿੱਚ ਸਟਾਫ਼ ਮੀਟਿੰਗ ਚੱਲ ਰਹੀ ਸੀ।ਇਸ ਸਮਾਰੋਹ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਅਧਿਆਪਕਾਂ ਵੱਲੋਂ ਬੜੇ ਕੀਮਤੀ ਸੁਝਾਅ ਦਿੱਤੇ ਜਾ ਰਹੇ ਸਨ। ਅਚਾਨਕ ਮਾਸਟਰ ਪਰਮਜੀਤ ਸਿੰਘ ਨੇ ਇਹ ਸੁਝਾਅ ਰੱਖਿਆ ਕਿ ਜਿਨ੍ਹਾਂ ਅਧਿਆਪਕਾਂ ਦੇ ਨਤੀਜੇ ਇਸ ਸਾਲ ਸੌ ਪ੍ਰਤੀਸ਼ਤ ਆਏ ਹਨ, ਉਨ੍ਹਾਂ ਨੂੰ ਸਲਾਨਾ ਇਨਾਮ ਵੰਡ ਸਮਾਰੋਹ ਵਿੱਚ ਸਨਮਾਨਿਤ ਕੀਤਾ ਜਾਵੇ। ਇਸ ਸੁਝਾਅ ਸਬੰਧੀ ਸਕੂਲ ਮੁਖੀ ਨੇ ਵੱਖ ,ਵੱਖ ਅਧਿਆਪਕਾਂ ਦੇ ਵਿਚਾਰ ਜਾਨਣੇ ਚਾਹੇ। ਏਸੇ ਸਮੇਂ ਦੌਰਾਨ ਮਾਸਟਰ ਬਲਵਿੰਦਰ ਸਿੰਘ ਨੇ




ਸਕੂਲ ਮੁਖੀ ਤੋਂ ਪੁੱਛਿਆ," ਸਰ ਜੀ, ਕਿਹੜੇ ,ਕਿਹੜੇ ਅਧਿਆਪਕਾਂ ਦਾ ਨਤੀਜਾ ਇਸ ਸਾਲ ਸੌ ਪ੍ਰਤੀਸ਼ਤ ਆਇਆ ਆ?"
ਸਕੂਲ ਮੁਖੀ ਨੇ ਨਤੀਜਾ ਰਜਿਸਟਰ ਚੁੱਕਿਆ ਅਤੇ ਪੜ੍ਹ ਕੇ ਦੱਸਿਆ," ਇਸ ਸਾਲ ਕੇਵਲ ਦੋ ਅਧਿਆਪਕਾਂ ਪਰਮਜੀਤ ਸਿੰਘ ਤੇ ਸੋਹਣ ਲਾਲ ਦਾ ਨਤੀਜਾ ਸੌ ਪ੍ਰਤੀਸ਼ਤ ਆਇਆ ਆ।"
ਮਾਸਟਰ ਬਲਵਿੰਦਰ ਸਿੰਘ ਇੱਕ ਦਮ ਬੋਲ ਉੱਠਿਆ," ਪਿਛਲੇ ਸਾਲ ਮਾਸਟਰ ਪਰਮਜੀਤ ਸਿੰਘ ਦਾ ਸਮਾਜਿਕ ਸਿੱਖਿਆ ਦਾ ਨਤੀਜਾ ਕੇਵਲ ਤੀਹ ਪ੍ਰਤੀਸ਼ਤ ਆਇਆ ਸੀ। ਜਦੋਂ ਸਿੱਖਿਆ ਵਿਭਾਗ ਨੇ ਖਰਾਬ ਨਤੀਜੇ ਵਾਲੇ ਅਧਿਆਪਕਾਂ ਦੀ ਸੂਚਨਾ ਮੰਗੀ ਸੀ, ਤਾਂ ਕਿਸੇ ਵਿਭਾਗੀ ਕਾਰਵਾਈ ਤੋਂ ਬਚਣ ਲਈ ਉਸ ਨੇ ਬੜੀ ਹੁਸ਼ਿਆਰੀ ਨਾਲ ਆਪਣੇ ਸੈਕਸ਼ਨ ਦਾ ਨਤੀਜਾ ਪੀ.ਟੀ.ਏ. ਵਿੱਚੋਂ ਰੱਖੀ ਮੈਡਮ ਸਿਰ ਮੜ੍ਹ ਦਿੱਤਾ ਸੀ ਤੇ ਉਸ ਦੇ ਸੈਕਸ਼ਨ ਦਾ ਨਤੀਜਾ ਆਪ ਲੈ ਲਿਆ ਸੀ। ਸਾਨੂੰ ਤਾਂ ਇਸ ਗੱਲ ਦਾ ਪਤਾ ਹੀ ਕਈ ਮਹੀਨਿਆਂ ਪਿੱਛੋਂ ਲੱਗਾ। ਕੀ ਹੁਣ ਉਸ ਅਧਿਆਪਕ ਨੂੰ ਸਨਮਾਨਿਤ ਕਰਨਾ ਜਾਇਜ਼ ਆ?"
ਮਾਸਟਰ ਬਲਵਿੰਦਰ ਸਿੰਘ ਦੀਆਂ ਇਹ ਗੱਲਾਂ ਸੁਣ ਕੇ ਸਾਰੇ ਅਧਿਆਪਕ ਚੁੱਪ ਹੋ ਗਏ। ਮਾਸਟਰ ਪਰਮਜੀਤ ਸਿੰਘ, ਮਾਸਟਰ ਬਲਵਿੰਦਰ ਸਿੰਘ ਵੱਲ ਇਵੇਂ ਵੇਖ ਰਿਹਾ ਆ ਜਿਵੇਂ ਮਾਸਟਰ ਬਲਵਿੰਦਰ ਸਿੰਘ ਨੇ ਕੋਈ ਇੱਟ ਚੁੱਕ ਕੇ ਉਸ ਦੇ ਸਿਰ ਵਿੱਚ ਮਾਰ ਦਿੱਤੀ ਹੋਵੇ।

## ਦਾ ਬਲੂਮਿੰਗ ਡੇਲ ਸਕੂਲ ਵਿੱਚ 'ਪਾਣੀ ਬਚਾਓ' ਵਿਸ਼ੇ 'ਤੇ ਸਪੈਸ਼ਲ ਅਸੈਂਬਲੀ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 16 ਅਕਤੂਬਰ : ਸਥਾਨਕ ਦਾ ਬਲੂਮਿੰਗਡੇਲ ਸਕੂਲ ਵਿਖੇ 'ਪਾਣੀ ਬਚਾਓ' ਵਿਸ਼ੇ 'ਤੇ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਪਾਣੀ ਬਚਤ ਨਾਲ ਜੁੜੇ ਅਨੇਕਾਂ ਨਾਅਰੇ ਜਿਵੇਂ 'ਪਾਣੀ ਬਚਾਓ ਜੀਵਨ ਬਚਾਓ, 'ਜਲ ਹੈ ਤਾਂ ਕੱਲ੍ਹ ਹੈ", 'ਪਾਣੀ ਦੀ ਸੰਭਾਲ ਹੀ ਜੀਵਨ ਦੀ ਸੰਭਾਲ ਹੈ' ਆਦਿ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਕੇਂਦਰ ਰਹੇ। ਇਸ ਮੌਕੇ ਜਮਾਤ ਤੀਜੀ ਦੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਪਾਣੀ ਦੀ ਜੀਵਨ ਵਿੱਚ ਮਹੱਤਤਾ ਨੂੰ ਦਰਸਾਉਂਦੇ ਹੋਏ ਆਪਣੇ ਵਿਚਾਰ ਪ੍ਰਗਟ ਕੀਤੇ। ਵਿਦਿਆਰਥੀਆਂ ਵੱਲੋਂ ਭਾਸ਼ਣ, ਕਹਾਣੀ, ਡਾਂਸ, ਨੁੱਕੜ ਨਾਟਕ, ਕਵਿਤਾ ਅਤੇ ਸਕਿੱਟ ਆਦਿ ਰੂਪ ਵਿੱਚ ਬਹੁਤ ਹੀ ਸੁੰਦਰ ਪੇਸ਼ਕਾਰੀਆਂ ਕੀਤੀਆਂ ਗਈਆਂ। ਉਹਨਾਂ ਦੀਆਂ ਰਚਨਾਤਮਕ ਪੇਸ਼ਕਾਰੀਆਂ ਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਇਸ ਅਸੈਂਬਲੀ ਦੀ ਖ਼ਾਸ ਵਿਸ਼ੇਸ਼ਤਾ ਇਹ ਰਹੀ ਕਿ ਵਿਦਿਆਰਥੀਆਂ ਨਾਲ ਨਾਲ ਮਾਪਿਆਂ ਨੇ ਵੀ ਖੇਡ-ਗਤੀਵਿਧੀਆਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਮਾਪਿਆਂ ਦੀ ਇਸ ਭਾਗੀਦਾਰੀ ਨੇ ਪ੍ਰੋਗਰਾਮ ਨੂੰ ਹੋਰ ਵੀ ਰੰਗਤ ਦਿੱਤੀ। ਪਾਣੀ ਬਚਾਓ ਵਿਸ਼ੇ ਨਾਲ ਜੁੜੇ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼






ਵਿਦਿਆਰਥੀਆਂ ਨੂੰ ਪਾਣੀ ਦੀ ਮਹੱਤਤਾ ਸਮਝਾਉਣਾ ਅਤੇ ਉਹਨਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨੀ ਸੀ, ਤਾਂ ਜੋ ਉਹ ਆਪਣੇ ਜੀਵਨ ਵਿੱਚ ਪਾਣੀ ਦੀ ਸਦਵਰਤੋਂ ਕਰ ਸਕਣ। ਉਹਨਾ ਉਦਾਹਰਨ ਦਿੰਦਿਆਂ ਦੱਸਿਆ ਕਿ 'ਪਾਣੀ ਹੈ ਅਨਮੋਲ ਰਤਨ, ਪਾਣੀ ਬਚਾਉਣ ਦਾ ਕਰੋ ਯਤਨ"। ਪ੍ਰਿੰਸੀਪਲ ਹਰਜਿੰਦਰ ਸਿੰਘ ਟੂਰਨਾ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਾਣੀ ਸਾਡੇ ਜੀਵਨ ਦਾ ਆਧਾਰ ਹੈ। ਇਹ ਸਿਰਫ਼ ਸਰੀਰਕ ਤੰਦਰੁਸਤੀ ਲਈ ਹੀ ਨਹੀਂ, ਸਗੋਂ ਪੂਰੀ ਧਰਤੀ ਦੇ ਜੀਵਨ ਲਈ ਅਨਿਵਾਰ ਹੈ। ਉਹਨਾਂ ਨੇ ਪਾਣੀ ਦੀ ਸੁਰੱਖਿਆ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੀ ਅਪੀਲ ਕੀਤੀ। ਉਹਨਾਂ ਜ਼ੋਰ ਦਿੰਦਿਆਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਵਿਗਿਆਨਕ ਵਿਕਾਸ ਦੇ ਨਾਲ ਪਾਣੀ ਪ੍ਰਦੂਸ਼ਣ ਤੇਜ਼ੀ ਨਾਲ ਵਧ ਰਿਹਾ ਹੈ, ਜਿਸ ਕਾਰਨ ਪੀਣ ਯੋਗ ਪਾਣੀ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਅਜਿਹੇ ਜਾਗਰੂਕਤਾ ਪ੍ਰੋਗਰਾਮ ਬਹੁਤ ਜ਼ਰੂਰੀ ਹਨ। ਅੰਤ ਵਿੱਚ ਪ੍ਰਿੰਸੀਪਲ ਨੇ ਵਿਦਿਆਰਥੀਆਂ ਤੇ ਮਾਪਿਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਕੂਲ ਦੇ ਹਰ ਪ੍ਰੋਗਰਾਮ ਦੀ ਸਫਲਤਾ ਵਿਦਿਆਰਥੀਆਂ ਅਤੇ ਮਾਪਿਆਂ ਦੇ ਪੂਰੇ ਸਹਿਯੋਗ ਨਾਲ ਹੀ ਸੰਭਵ ਹੈ।

## ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ (ਭਾਰਤ) ਦੇ ਸੱਦੇ ਤੇ ਸਾਰੇ ਹੀ ਜਿਲ੍ਹਾ ਹੈੱਡਕਵਾਟਰਾਂ ਤੇ ਕਿਸਾਨਾ ਵੱਲੋਂ ਭਾਰੀ ਇਕੱਠ ਕਰਕੇ ਰੋਸ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 16 ਅਕਤੂਬਰ : ਅੱਜ ਜਿਲ੍ਹਾ ਫਰੀਦਕੋਟ ਦੇ ਡੀ.ਸੀ ਹੈੱਡਕੁਆਟਰ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਹਜਾਰਾ ਦੀ ਗਿਣਤੀ ਵਿੱਚ ਕਿਸਾਨਾਂ ਦਾ ਇਕੱਠ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਸਖਤ ਰੋਹ ਅਪਨਾਉਦੇ ਹੋਏ ਮੰਗ ਕੀਤੀ ਕਿ ਪਿਛਲੇ ਲੰਮੇ ਸਮੇਂ ਤੋਂ ਮਜਬੂਰੀ ਵੱਸ ਪਰਾਲੀ ਨੂੰ ਅੱਗ ਕਿਸਾਨਾਂ ਨੂੰ ਸਰਕਾਰਾਂ ਮੁਰਜਮ ਬਣਾ ਕੇ ਪੇਸ਼ ਕਰ ਰਹੀਆਂ ਹਨ। ਕਿਸਾਨਾਂ ਦੀ ਪਹਿਲੀ ਅਰਥਿਕ ਦਸ਼ਾਂ ਨੂੰ ਸੁਧਾਰਨ ਦੀ ਬਜਾਏ ਉਲਟਾ ਹੋਰ ਵਿਗਾੜਿਆ ਜਾ ਰਿਹਾ ਹੈ। ਸੰਨ 2019 ਦੇ ਸਪਰੀਮ ਕੋਰਟ ਦੇ ਹੁਕਮ ਅਨੁਸਾਰ 100 ਪ੍ਰਤੀ ਕੁਆਟਰ ਝੋਨੇ ਦੀ ਫਸਲ ਬੋਨਸ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਨੈਸ਼ਨਲ ਗ੍ਰੀਨ ਟਿਊਬਰਨ ਦੇ ਫੈਸਲੇ ਮੁਤਾਬਿਕ ਹਰ ਕਿਸਾਨ ਨੂੰ ਮਸ਼ਿਨਰੀ ਮੁਹਾਈਆਂ ਕਰਵਾਉਣ ਦੇ ਉਲਟ ਕਿਸਾਨ ਮਹਿੰਗੀ ਮਸ਼ਿਨਰੀ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕਿਸਾਨਾਂ ਨੇ ਦੋਸ਼ ਲਾਇਆ ਹੈ ਕਿ ਸਰਕਾਰ ਵੱਲੋਂ ਪਰਾਲੀ ਆੜ ਹੇਠ ਖੇਤੀ ਸੰਦ ਬਣਾਉਣ ਵਾਲੀਆਂ ਫਰਮਾਂ ਨੂੰ ਪਰਮੋਟ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਦੀ ਵਿਗੜੀ ਆਰਥਿਕ ਦਸ਼ਾ ਨੂੰ ਹੋਰ ਵਿਗਾੜ ਰਹੀ ਹੈ। ਮਜਬੂਰੀ ਵੱਸ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਉਪਰ ਕੇਸ ਦਰਜ ਕਰਨੇ ਬੰਦ ਕੀਤੇ ਜਾਣ ਅਤੇ 5000/-ਰੁਪੈ ਪ੍ਰਤੀ ਏਕੜ ਕਿਸਾਨਾਂ ਨੂੰ ਸਿੱਧੇ ਰੂਪ ਵਿੱਚ ਸਬਸਿਡੀ ਦਾ ਪਾਬੰਦ ਕਰੇ ਸਰਕਾਰ ਤਾਂ ਕਿਸਾਨ ਆਪਣੇ ਖੇਤ ਦੀ ਪਰਾਲੀ ਨੂੰ ਸਾਂਭਣ ਦਾ ਪਾਬੰਦ ਆਪ ਕਰ ਸਕੇ ਇਸ ਵਾਰ ਮਾਨਸੂਨ ਰੁੱਤੇ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਨੈਸ਼ਨਲ ਡਿਯਾਰਟ ਕਰੇ ਕਿਉਕਿ ਪੰਜਾਬ ਨੇ ਨਾਲ-ਨਾਲ ਹੋਰ ਸੂਬਿਆਂ ਵਿੱਚ ਹੜ੍ਹਾ ਨੇ ਭਾਰੀ ਨੁਕਸਾਨ ਕੀਤਾ ਹੈ। ਸਰਕਾਰ ਬਿਜਲੀ ਅਤੇ ਪਾਣੀ ਦੇ ਬਿੱਲਾਂ ਵਿੱਚ ਖਾਂਦ ਸੀਮਿੰਟ ਤੇ ਹੋਰ ਵਸਤੂਆਂ ਉੱਤੇ ਆਮ ਜਨਤਾ ਗਾਊ ਸੈਸ ਵਸੂਲ ਕਰਦੀ ਹੈ ਪਰੰਤੂ ਅਵਾਰਾਂ ਪਸ਼ੂਆਂ ਨੂੰ ਸਾਂਭਣ ਦਾ ਕੋਈ ਵੀ ਪਾਬੰਦ ਨਹੀਂ ਕਰ ਰਹੀਆਂ ਸਰਕਾਰਾਂ ਸੜਕਾਂ ਉਪਰ ਘੁੰਮਦੇ ਅਵਾਰਾ ਪਸ਼ੂ ਸੜਕੀ ਦੁਰਘਟਨਾ ਦਾ ਕਾਰਨ ਬਣਦੇ ਹਨ ਇਸ ਕਰਕੇ ਮਨੁੱਖਾਂ ਦੀਆਂ ਕੀਮਤੀ ਜਾਨਾਂ ਦਾ ਘਾਣ ਹੋ ਰਿਹਾ ਹੈ। ਸਰਕਾਰ ਤਰੁੰਤ ਸਰਕਾਰ ਅਵਾਰਾ ਪਸ਼ੂਆਂ ਤੇ ਕੁੱਤਿਆਂ ਨੂੰ ਸਾਂਭਣ ਦਾ ਪਾਬੰਦ ਕਰੇ ਤਾਂ ਮਨੁੱਖੀ ਜਾਨਾਂ ਦਾ ਹੋਣ ਵਾਲਾ ਨੁਕਸਾਨ ਰੋਕਿਆ ਜਾ ਸਕੇ। ਮੌਸਮ ਦੀ ਖਰਾਬੀ ਕਾਰਨ ਝੋਨੇ ਦੀ ਫਸਲ ਨੂੰ ਬੌਨਾ ਰੋਗ ਅਤੇ ਹਲਦੀ ਰੋਗ ਨੇ ਆਪਣੀ ਪੜਕ ਵਿੱਚ ਲਿਆ ਹੋਇਆ ਹੈ ਜਿਸ ਕਾਰਨ ਫਸਲ ਦੇ ਝਾੜ ਪੱਖੋਂ ਕਾਫੀ ਵੱਡਾ ਨੁਕਸਾਨ ਹੋ ਰਿਹਾ ਹੈ ਤਾਂ ਸਰਕਾਰ ਆਪਣੀ ਜੁੰਮੇਵਾਰੀ ਸਮਝਦੇ ਹੋਏ ਤਰੁੰਤ ਸਾਰੇ ਖੇਤਾਂ ਦੀ ਗਿਰਦਾਵਰੀ ਕਰਕੇ ਕਿਸਾਨਾਂ ਦੇ ਫਸਲ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਪਿਛਲੇ ਦਿਨੀ ਜਿਲ੍ਹਾ ਫਰੀਦਕੋਟ ਦੇ ਪਿੰਡ ਹਰੀ ਨੌ ਨੇੜੇ ਕੋਟਕਪੂਰਾ ਵਿਖੇ ਜੁਨਾਇਟਡ ਰਾਇਸ ਮਿਲ ਅਤੇ ਅਨਪੂਰਨਾ ਰਾਇਸ ਮਿੱਲਾਂ ਵੱਲੋਂ ਰਾਜਸਥਾਨ ਤੋਂ ਗੈਰ ਕਾਨੂੰਨੀ ਤੇ ਗੈਰ ਮਿਆਰੀ ਝੋਨਾ ਉਪਰੋਕਤ ਮਿੱਲਾਂ ਵਿੱਚੋਂ ਲਾਉਦੇ ਫੜਿਆ ਗਿਆ ਹੈ ਜਿੰਨਾਂ ਮਿੱਲ ਫਰਮਾਂ ਦੇ ਮਾਲਕਾਂ ਉਪਰ ਕਾਨੂੰਨੀ ਕਾਰਵਾਈ ਹੋ ਚੁੱਕੀ ਹੈ ਪ੍ਰਸ਼ਾਸ਼ਣ ਮਿੱਲ ਮਾਲਕਾਂ ਨੂੰ ਸਖਤ ਸਜਾਂ ਦੇਣ ਦੀ ਬਜਾਏ ਉਲਟ ਬਚਾਉਣ ਦੇ ਉਪਰਾਲੇ ਕਰ ਰਿਹਾ ਹੈ। ਜਿੰਨਾਂ ਹਰਕਤਾਂ ਨੂੰ ਜੱਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਕਦੇ ਸਹਾਇਨ ਨਹੀਂ ਕੀਤਾ ਜਾਵੇਗਾ। ਜਿਲ੍ਹਾ ਪ੍ਰਸ਼ਾਸ਼ਣ ਨੂੰ ਬੇਨਤੀ ਹੈ ਕਿ ਤਰੁੰਤ ਮਿੱਲ ਮਾਲਕਾਂ ਉਪਰ ਕੀਤੀ ਹੋਈ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ ਅਤੇ ਤਰੁੰਤ ਝੋਨ ਦੀ ਫਸਲ ਦੇ ਖਰੀਦ ਦੇ ਪਾਬੰਦ ਸਹੀ ਅਤੇ ਮਜਬੂਤ ਕੀਤੇ ਜਾਣ ਤਾਂ ਕਿ ਕਿਸਾਨ ਨੂੰ ਕਿਸੇ ਵੀ ਤਰਾਂ ਦੀ ਲੁੱਟ ਬਚਾਇਆ ਜਾ ਸਕੇ। ਅੱਜ ਦੇ ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਸ.ਜਸਵੀਰ ਸਿੰਘ ਸਿੱਧੂਪੁਰ ਸੀਨੀਅਨ ਮੀਤ ਪ੍ਰਧਾਨ ਪੰਜਾਬ ,ਬੋਹੜ ਸਿੰਘ ਰੁਪਾਈਆਂ ਵਾਲਾ ਜਿਲ੍ਹਾਂ ਫਰੀਦਕੋਟ ਦੇ ਜਰਨਲ ਸਕੱਤਰ ਇੰਦਰਜੀਤ ਸਿੰਘ ਘਣੀਆਂ, ਗੁਰਦਿੱਤ ਸਿੰਘ ਬਾਜਾਖਾਨਾ, ਨਾਇਬ ਸਿੰਘ ਸ਼ੇਰ ਸਿੰਘ ਵਾਲਾ, ਸੁਖਚਰਨ ਸਿੰਘ ਨੱਥਲਵਾਲਾ, ਚਰਨਜੀਤ ਸਿੰਘ ਸੁੱਖਣਵਾਲਾ, ਹੁਸ਼ਿਆਰ ਸਿੰਘ ਮਿਸ਼ਰੀ ਵਾਲਾ, ਲਵਪ੍ਰੀਤ ਸਿੰਘ ਚੱਕ ਸਾਹੂ, ਹਰਦੇਵ ਸਿੰਘ ਮਿੱਡੂਮਾਨ, ਨਿਰਮਲ ਸਿੰਘ ਢਿੱਲਵਾਂ, ਵਿਪਨ ਸਿੰਘ ਫਿੱਡੇ ਕਲਾਂ, ਬਲਜਿੰਦਰ ਸਿੰਘ ਵਾੜਾ ਭਾਈ ਕਾ, ਸੁਖਪ੍ਰੀਤ ਸਿੰਘ ਝੱਖੜਵਾਲਾ, ਹਰਭਗਵਾਨ ਸਿੰਘ ਉਕੰਦ ਵਾਲਾ, ਛਿੰਦਰਪਾਲ ਸਿੰਘ ਜੈਤੋਂ, ਜਗਦੇਵ ਸਿੰਘ ਜੈਤੋਂ, ਜਤਿੰਦਰਜੀਤ ਸਿੰਘ ਜੈਤੋਂ ਸ਼ਾਮਿਲ ਹੋਏ।

## ਜੱਜ ਸ. ਜੁਗਰਾਜ ਸਿੰਘ ਸਿੱਧੂ ਅਤੇ ਜੱਜ ਸ. ਨਵਬੀਰ ਸਿੰਘ ਜੀ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਹੋਏ ਨਤਮਸਤਕ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 16 ਅਕਤੂਬਰ : ਬਾਬਾ ਸ਼ੇਖ ਫਰੀਦ ਜੀ ਦੀ ਚਰਨ–ਛੋਹ ਪ੍ਰਾਪਤ ਪਵਿੱਤਰ ਨਗਰੀ ਵਿਖੇ ਜੱਜ ਸ. ਜੁਗਰਾਜ ਸਿੰਘ ਸਿੱਧੂ ਜੀ ਅਤੇ ਜੱਜ ਸ. ਨਵਬੀਰ ਸਿੰਘ ਜੀ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਬਾਬਾ ਫਰੀਦ ਜੀ ਦਾ ਅਸ਼ੀਰਵਾਦ ਲੈਣ ਲਈ ਪਹੁੰਚੇ। ਟਿੱਲਾ ਬਾਬਾ ਫਰੀਦ ਵਿਖੇ ਪੁਹੰਚਣ ਤੇ ਬਾਬਾ ਫਰੀਦ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਵੱਲੋਂ ਉਹਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ। ਗ੍ਰੰਥੀ ਬਲਰਾਜ ਸਿੰਘ ਵੱਲੋਂ ਸਿਰੋਪਾਉ ਪਾ ਕੇ ਅਤੇ ਟਿੱਲਾ ਬਾਬਾ ਫ਼ਰੀਦ ਜੀ ਦੇ ਮੈਨੇਜਰ ਨਿਸ਼ਾਨ ਸਿੰਘ ਵੱਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸੰਸਥਾਪਕ ਸਵਃ ਸ. ਇੰਦਰਜੀਤ ਸਿੰਘ ਖ਼ਾਲਸਾ ਜੀ ਦੀਆਂ ਬਾਬਾ ਫ਼ਰੀਦ ਜੀ ਦੀ ਜੀਵਨੀ ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਜੱਜ ਸ. ਜੁਗਰਾਜ ਸਿੰਘ ਸਿੱਧੂ ਅਤੇ ਜੱਜ ਸ. ਨਵਬੀਰ ਸਿੰਘ ਜੀ ਨੇ ਸੇਖੋਂ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਬਾਬਾ ਫਰੀਦ ਜੀ ਦੇ ਇਸ ਪਾਵਨ ਅਸਥਾਨ ਤੇ ਆ ਕੇ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਹੇ ਹਨ ਤੇ ਉਹ ਬਹੁਤ ਹੀ ਖੁਸ਼ਕਿਸਮਤ ਹਨ ਕਿ ਉਹਨਾਂ ਨੂੰ ਬਾਬਾ ਫਰੀਦ ਜੀ ਦਾ ਅਸ਼ੀਰਵਾਦ ਲੈਣ ਦਾ ਮੌਕਾ ਮਿਲਿਆ ਹੈ।